**ਇੰਡੀਆ ਫਾਊਂਡੇਸ਼ਨ ਫਾਰ ਦਿ ਆਰਟਸ (ਆਈ.ਐਫ.ਏ.)**

**ਆਰਟਸ ਪ੍ਰੈਕਟਿਸ ਪ੍ਰੋਗਰਾਮ** ਤਹਿਤ

**ਆਰਟਸ ਪਲੈਟਫੌਰਮਜ (ਕਲਾ ਮੰਚ)**

ਲਈ ਅਰਜ਼ੀਆਂ ਦਾ ਸੱਦਾ ਦਿੰਦਾ ਹੈ

**ਅਰਜ਼ੀਆਂ ਭੇਜਣ ਦੀ ਆਖਰੀ ਤਰੀਕ: 14 ਅਗਸਤ 2026**

ਆਰਟਸ ਪ੍ਰੈਕਟਿਸ ਪ੍ਰੋਗਰਾਮ ਅਜਿਹੇ ਪ੍ਰੋਜੈਕਟ ਅਮਲ ਵਿਚ ਲਿਆਉਣਾ ਚਾਹੁੰਦਾ ਹੈ, ਜਿਹੜੇ ਕਲਾਕਾਰਾਂ ਦੀ ਮੌਜੂਦਾ ਕਾਰਗੁਜਾਰੀ ਦੀ ਰੇਂਜ ਨੂੰ ਨਵੀਆਂ ਦਿਸ਼ਾਵਾਂ ਦੇਣ। ਇਹ ਕਲਾਕਿਰਤਾਂ ਬਣਾਉਣ ਦੀਆਂ ਪਿਰਤਾਂ ਨੂੰ ਸਵਾਲ ਕਰਨ ਵਾਲ਼ੇ ਹੋ ਸਕਦੇ ਹਨ; ਜਿਨ੍ਹਾਂ ਨਾਲ਼ ਕੌਂਟੈਂਟ(ਤੱਤ), ਫਾਰਮ(ਸ਼ਕਲ), ਅਤੇ ਮਾਧਿਅਮ ਦੀਆਂ ਹੱਦਾਂ ਵਧਾਈਆਂ ਜਾਣ; ਸਪੇਸ, ਦਰਸ਼ਕਾਂ ਅਤੇ ਬਿਰਾਦਰੀਆਂ ਨਾਲ਼ ਸੰਵਾਦ ਦੇ ਨਵੇਂ ਤਰੀਕੇ ਖੋਜਦਿਆਂ ਤਜ਼ਰਬੇਕਾਰ ਸਪਿਰਿਟ ਨੂੰ ਅੱਗੇ ਲਿਆਂਦਾ ਜਾਵੇ।

**ਆਰਟਸ ਪਲੈਟਫੌਰਮ (ਕਲਾ ਮੰਚ)**

ਬਹੁਤ ਵਾਰ ਕਲਾਕਾਰਾਂ ਨੂੰ ਲੋੜ ਮਹਿਸੂਸ ਹੁੰਦੀ ਹੈ ਕਿ ਉਹ ਇਕੱਠੇ ਹੋ ਕੇ, ਆਪਸੀ ਸਾਂਝ ਵਧਾਉਂਦੇ ਹੋਏ ਕਲਾ ਖੇਤਰ ਵਿਚ ਸਮੂਹਿਕ ਹੰਭਲੇ ਦੀ ਅਲਖ ਜਗਾ ਸਕਣ। ਜਦੋਂ ਅਲੱਗ ਅਲੱਗ ਇਲਾਕਿਆਂ, ਵਿਧਾਵਾਂ, ਅਤੇ ਪੀੜ੍ਹੀਆਂ ਦੇ ਕਲਾਕਾਰ ਮਿਲ ਕੇ ਹਮਖਿਆਲੀ ਗੁਟ ਅਤੇ ਨੈਟਵਰਕ ਬਣਾ ਕੇ, ਵਿਚਾਰਾਂ ਅਤੇ ਤਕਨੀਕਾਂ ਨੂੰ ਬਦਲਣ, ਵਧਾਉਣ ਬਾਰੇ ਵਥਾਂਦਾਰਾਂ ਕਰਦੇ ਹਨ। ਅਜਿਹੇ ਗਿਆਨ ਸਾਂਝਾ ਕਰਨ ਦੇ, ਸੰਵਾਦ, ਬਹਿਸ, ਸਿੱਖਿਆ ਅਤੇ ਸਾਂਝੇ ਵਿਕਾਸ ਦੇ ਸਪੇਸ ਸਿਰਜ ਕੇ, ਇਹ **ਪਲੈਟਫਾਰਮ** ਕਲਾਕਾਰਾਂ ਦੀਆਂ ਊਰਜਾਵਾਂ ਦੇ ਸੰਗਮ ਲਈ ਪ੍ਰਯੋਗਸ਼ਾਲਾ ਬਣ ਜਾਂਦੇ ਹਨ।

ਅਜਿਹੇ ਨੈਟਵਰਕ ਤਰੱਕੀਪਸੰਦ ਕਲਾਕਾਰਾਂ ਨੂੰ ਸਿਆਸੀ ਸਮਾਜੀ ਘਟਨਾਵਾਂ ਦੇ ਜਵਾਬ ਦੇਣ ਲਈ, ਕਲਾ ਅਭਿਆਸਾਂ ਲਈ ਸਸਟੇਨੇਬਲ ਫਰੇਮਵਰਕ ਬਨਾਉਣ ਲਈ, ਅਤੇ ਮਜ਼ਬੂਤ ਕਲਾਕਾਰ ਬਿਰਾਦਰੀ ਬਣਾਉਣ ਦੇ ਯੋਗ ਬਣਾ ਸਕਦੇ ਹਨ। ਸਾਂਝੀ ਮਾਲਕੀ ਨੂੰ ਹੱਲਾਸ਼ੇਰੀ ਦੇ ਕੇ ਅਤੇ ਸੋਮਿਆਂ ਨੂੰ ਇਕੱਠੇ ਕਰ ਕੇ, **ਆਰਟਸ ਪਲੈਟਫੌਰਮ** ਸਿਰਜਣਾ ਦੇ ਅਜਿਹੇ ਈਕੋਸਿਸਟਮ ਨੂੰ ਤਿਆਰ ਕਰਦਾ ਹੈ, ਜਿਸ ਵਿਚ ਸਭ ਦੀ ਹਿੱਸੇਦਾਰੀ, ਸ਼ਹਿਣਸ਼ੀਲਤਾ ਅਤੇ ਲੰਬੇ ਸਮੇਂ ਦੇ ਪ੍ਰਭਾਵਾਂ ਨੂੰ ਤਰਜੀਹ ਦਿੱਤੀ ਜਾਵੇ, ਇਹ ਨਿਸ਼ਚਿਤ ਕਰਦੇ ਹੋਏ ਕਿ ਕਲਾ ਅਭਿਆਸਾਂ ਨੂੰ ਬਦਲਦੇ ਸਮਿਆਂ ਦੇ ਹਾਣ ਦੇ ਕੀਤਾ ਜਾ ਸਕਦਾ ਹੋਵੇ। ਇਹ ਖੋਜ, ਸਾਂਝ, ਅਤੇ ਇਕੱਠੇ ਹੋ ਕੇ ਕਾਰਜ ਕਰਨ ਦੀ ਤਾਕਤ ਦੀ ਕਦਰ ਕਰਦਾ ਹੈ।

ਆਰਟਸ ਪ੍ਰੈਕਟਿਸ ਪ੍ਰੋਗਰਾਮ ਤਹਿਤ ਅਸੀਂ **ਆਰਟਸ ਪਲੈਟਫੌਰਮ** ਲਈ ਪ੍ਰਸਤਾਵ ਅਰਜ਼ੀਆਂ ਦਾ ਸੱਦਾ ਦਿੰਦੇ ਹਾਂ। ਜਿਵੇਂ ਕਿ ਵਰਕਸ਼ਾਪ, ਰੈਜੀਡੈਂਸੀ, ਕਲਾਕਾਰਾਂ ਦੇ ਇਕੱਠ, ਜਿਹਨਾਂ ਨਾਲ਼ ਨੈੱਟਵਰਕ ਜਾਂ ਸਪੇਸ (ਭੌਤਿਕ, ਔਨਲਾਈਨ ਜਾਂ ਦੋਵਾਂ ਦਾ ਮੇਲ ) ਸਕਣ। ਅਜਿਹੇ ਉੱਦਮ ਇੱਕੋ ਵਿਧਾ ਦੇ ਜਾਂ ਹੋਰ ਵਿਧਾਵਾਂ ਦੇ ਕਲਾਕਾਰਾਂ ਵਿਚ ਸਾਂਝੀ ਜ਼ਮੀਨ ਬਣੇ ਅਤੇ ਉਹਨਾਂ ਵਿਚਲੀ ਸਾਂਝੀਵਾਲਤਾ ਵਧੇ, ਉਹਨਾਂ ਦੇ ਅਭਿਆਸਾਂ ਦੀ ਕਲਾਤਮਕਿਤਾ ਅਤੇ ਕਾਰਜਸ਼ੀਲਤਾ ਵਧੇ।

**ਪ੍ਰੋਜੈਕਟ ਦੀ ਮਿਆਦ**

12 ਮਹੀਨੇ ਤੱਕ

**ਬਜਟ**

ਵੱਧ ਤੋਂ ਵੱਧ 3, 00, 000 ਰੁਪਏ

**ਪ੍ਰਸਤਾਵ ਕੌਣ ਭੇਜ ਸਕਦੇ ਹਨ**?

ਅਸੀਂ ਕਿਸੇ ਵੀ ਵਿਧਾ ਦੇ ਵਿਚ ਜਾਂ ਵੱਖ-ਵੱਖ ਵਿਧਾਵਾਂ ਵਿਚ ਕੰਮ ਕਰਨ ਵਾਲਿਆਂ ਤੋਂ ਪ੍ਰਸਤਾਵਾਂ ਦੀ ਮੰਗ ਕਰਦੇ ਹਾਂ। ਇਹਨਾਂ ਵਿਚ

- ਪ੍ਰਫੌਰਮਿੰਗ ਕਲਾਕਾਰ ਜੋ ਸੰਗੀਤ, ਧ੍ਵਨੀ, ਲਿਖਤ, ਨਾਚ, ਮੂਵਮੈਂਟ, ਰੰਗਮੰਚ, ਪੁਤਲੀਤਮਾਸ਼ਾ, ਕਥਾਕਾਰੀ, ਜਾਦੂ, ਸਰਕਸ ਜਾਂ ਹੋਰਨਾਂ ਪ੍ਰਫੌਰਮੈਂਸ ਦੀਆਂ ਕਲਾਵਾਂ ਵਿਚ ਕੰਮ ਕਰਨ ਵਾਲੇ
- ਵਿਜੁਅਲ(ਦ੍ਰਿਸ਼) ਕਲਾਕਾਰ ਜੋ ਫ਼ਿਲਮ(ਦਸਤਾਵੇਜ਼ੀ ਜਾਂ ਕਾਲਪਨਿਕ), ਐਨੀਮੇਸ਼ਨ, ਫ਼ੋਟੋਗਰਾਫੀ, ਇੰਸਟਾਲੇਸ਼ਨ, ਨਵਾਂ ਮੀਡੀਆ, ਕਰਿਏਟਿਵ ਕੋਡਿੰਗ, ਆਰਟੀਫੀਸ਼ੀਅਲ ਇੰਟੈਲੀਜੈਂਸ, ਰੋਬੋਟਿਕਸ, ਇੰਟਰਐਕਟਿਵ ਆਰਟਸ, ਗੇਮਿੰਗ/ ਕੌਨਸੈਪਟ ਆਰਟ, ਚਿਤਰਕਲਾ, ਬੁੱਤਤਰਾਸ਼ੀ, ਪਰਿੰਟਮੇਕਿੰਗ, ਕੌਮਿਕ ਕਿਤਾਬਾਂ, ਗਰਾਫ਼ਿਕ ਬਿਰਤਾਂਤਾਂ, ਕਲਾ ਕਿਤਾਬਾਂ ਜਾਂ ਹੋਰ ਦ੍ਰਿਸ਼ ਕਲਾਵਾਂ ਵਿਚ ਕੰਮ ਕਰਨ ਵਾਲੇ
- ਕਿਊਰੇਟਰ, ਖਾਸ ਤੌਰ ‘ਤੇ ਉਹ ਜੋ ਗੈਲਰੀ ਦੇ ਬਾਹਰ ਕੰਮ ਕਰਦੇ ਹਨ
- ਕਵੀ, ਨਾਵਲਕਾਰ, ਕਹਾਣੀਕਾਰ, ਨਾਟਕਕਾਰ, ਫ਼ਿਲਮ ਸਕਰਿਪਟ ਲੇਖਕ, ਕੌਮਿਕ ਲੇਖਕ, ਗੇਮ ਲੇਖਕ, ਲੇਖਕ ਜੋ ਸਾਹਿਤਕਲਾ ਵਿਚ ਕੰਮ ਕਰਦੇ ਹਨ
- ਕਈ ਵਿਧਾਵਾਂ ਵਿਚ ਕੰਮ ਕਰਨ ਵਾਲੇ ਕਲਾਕਾਰ

**ਪ੍ਰਸਤਾਵ ਭੇਜਣ ਦਾ ਤਰੀਕਾ**

ਪ੍ਰਸਤਾਵ ਅੰਗਰੇਜ਼ੀ ਜਾਂ ਕਿਸੇ ਵੀ ਹੋਰ ਭਾਰਤੀ ਬੋਲੀ ਵਿਚ ਲਿਖਿਆ ਜਾ ਸਕਦਾ ਹੈ। ਆਈ.ਐਫ.ਏ. ਅੰਗਰੇਜ਼ੀ ਤੋਂ ਇਲਾਵਾ ਬਾਕੀ ਭਾਰਤੀ ਬੋਲੀਆਂ ਵਿਚਲੇ ਪ੍ਰਜੈਕਟਾਂ ਦੀ ਹੌਸਲਾ ਅਫ਼ਜ਼ਾਈ ਕਰਦਾ ਹੈ।

ਆਪਣੀਆਂ ਅਰਜ਼ੀਆਂ ਹੇਠ ਲਿਖਿਆਂ ਸਮੇਤ ਭੇਜੋ:

- ਬਤੌਰ ਕਲਾਕਾਰ ਤੁਹਾਡੀ ਹੁਣ ਤੱਕ ਦੇ ਕਲਾ ਅਭਿਆਸ ਦੇ ਵਿਸ਼ੇ ਅਤੇ ਦਿਲਚਸਪੀ
- ਆਰਟਸ ਪਲੈਟਫੌਰਮ ਬਨਾਉਣ ਵਾਸਤੇ ਤੁਹਾਡੀ ਪ੍ਰੇਰਣਾ
- ਜੋ ਆਰਟਸ ਪਲੈਟਫੌਰਮ ਬਨਾਉਣਾ ਚਾਹੁੰਦੇ ਹੋ ਦਾ ਵੇਰਵਾ, ਕਿਉਂ ਬਨਾਉਣਾ ਚਾਹੁੰਦੇ ਹੋ ਕਾਰਨ, ਸਾਥੀਆਂ ਸਹਿਯੋਗੀਆਂ ਦਾ ਵੇਰਵਾ, ਅਤੇ ਨੈੱਟਵਰਕ, ਸਪੇਸ, ਜਗ੍ਹਾ ਦਾ ਵੇਰਵਾ ਜਿਥੇ ਤੁਸੀਂ ਇਹ ਬਨਾਉਣਾ ਚਾਹੁੰਦੇ ਹੋ
- ਟਾਈਮਲਾਈਨ ਦਾ ਵੇਰਵਾ
- ਬਜਟ ਦਾ ਵੇਰਵਾ
- ਪਹਿਲਾਂ ਕੀਤੇ ਕੰਮਾਂ ਦੀਆਂ ਉਦਾਹਰਨਾਂ, ਜਿਹੜੀਆਂ ਅਰਜ਼ੀ ਨਾਲ਼ ਸੰਬੰਧਿਤ ਹੋਣ
- ਤੁਹਾਡੇ ਪਤੇ, ਫ਼ੋਨ ਨੰਬਰ ਅਤੇ ਈਮੇਲ ਆਈ ਡੀ ਸਮੇਤ ਤੁਹਾਡਾ ਸੀ ਵੀ
- ਆਪਣੇ ਮੁਕੰਮਲ ਪ੍ਰਸਤਾਵ ਜੌਨ ਜ਼ੇਵੀਅਰਜ, ਪ੍ਰੋਗਰਾਮ ਅਫਸਰ, ਆਰਟਸ ਪ੍ਰੈਕਟਿਸ ਨੂੰ john@indiaifa.org ਤੇ ਭੇਜੋ; ਈਮੇਲ ਦਾ ਵਿਸ਼ਾ ਇਹ ਹੋਣਾ ਚਾਹੀਦਾ ਹੈ: **ਆਰਟਸ ਪਲੈਟਫੌਰਮ (ਆਰਟਸ ਪ੍ਰੈਕਟਿਸ) ਲਈ ਪ੍ਰੋਜੈਕਟ ਪ੍ਰੋਪੋਜਲ।**
- ਆਪਣੇ ਪ੍ਰਸਤਾਵ ਬਾਰੇ ਕਿਸੇ ਵੀ ਸਵਾਲ ਜਾਂ ਪੁੱਛਗਿਛ ਲਈ ਵੀ john@indiaifa.org ਨੂੰ ਲਿਖ ਸਕਦੇ ਹੋ।

**ਯੋਗਤਾ**:

- ਸਿਰਫ਼ ਭਾਰਤੀ ਨਾਗਰਿਕ ਹੀ ਪ੍ਰਸਤਾਵ ਭੇਜ ਸਕਦੇ ਹਨ। ਇਹਨਾਂ ਵਿਚ ਪੀ. ਆਈ. ਓ. (ਪਰਸਨ ਔਫ ਇੰਡੀਅਨ ਓਰਿਜਿਨ ) ਅਤੇ ਓ. ਸੀ. ਆਈ. (ਓਵਰਸੀਜ਼ ਸਿਟੀਜ਼ਨ ਔਫ਼ ਇੰਡੀਆ) ਕਾਰਡ ਧਾਰਕ ਸ਼ਾਮਿਲ ਨਹੀਂ ਹਨ।

- ਬਿਨੈਕਾਰਾਂ ਕੋਲ ਪੈਨ ਕਾਰਡ ਹੋਣਾ ਜ਼ਰੂਰੀ ਹੈ, ਅਤੇ ਇਹਨਾਂ ਵਿੱਚੋਂ ਇਕ ਸ਼ਨਾਖਤੀ ਦਸਤਾਵੇਜ਼ – ਭਾਰਤੀ ਪਾਸਪੋਰਟ ਜਾਂ ਆਧਾਰ ਕਾਰਡ ਜਾਂ ਵੋਟਰ ਆਈ.ਡੀ.
- ਸਿਰਫ਼ ਵਿਅਕਤੀ ਹੀ ਪ੍ਰਸਤਾਵ ਭੇਜ ਸਕਦੇ ਹਨ। ਕਿਸੇ ਵੀ ਦੀ ਤਰ੍ਹਾਂ ਦੀ ਸੰਸਥਾ ਨਹੀਂ।
- ਜੇ ਪ੍ਰੋਜੈਕਟ ਦੇ ਸਹਿਯੋਗ ਹੋਣ ਤਾਂ ਉਹ ਵੀ ਭਾਰਤੀ ਹੋਣੇ ਚਾਹੀਦੇ ਹਨ।
- ਉਹ ਵਿਅਕਤੀ ਜਿਨ੍ਹਾਂ ਦਾ ਪਿਛਲੇ ਸਾਲਾਂ ਵਿਚ ਆਈ.ਐਫ.ਏ. ਨਾਲ਼ ਆਰਥਿਕ ਲੈਣ ਦੇਣ ਸਹੀ ਨਹੀਂ ਹੈ, ਪ੍ਰਸਤਾਵ ਨਹੀਂ ਭੇਜ ਸਕਦੇ
- ਉਹ ਵਿਅਕਤੀ ਜਿਹੜੇ ਪਿਛਲੇ ਆਈ.ਐਫ.ਏ. ਗਰਾਂਟ ਤਹਿਤ ਲੋੜੀਂਦੀਆਂ ਚੀਜ਼ਾਂ ਆਈ.ਐਫ.ਏ. ਨੂੰ ਜਮਾਂ ਕਰਵਾਉਣ ਵਿੱਚ ਅਸਮਰਥ ਰਹੇ ਹਨ, ਪ੍ਰਸਤਾਵ ਨਹੀਂ ਭੇਜ ਸਕਦੇ
- ਵਿਅਕਤੀ ਜਿਹਨਾਂ ਨੂੰ ਆਈ.ਐਫ.ਏ. ਵੱਲੋਂ ਕਿਸੇ ਵੀ ਕਾਰਨ ਭਵਿੱਖ ਵਿੱਚ ਪ੍ਰਸਤਾਵ ਤੋਂ ਮਨਾਹੀ ਦੀ ਚਿੱਠੀ ਮਿਲੀ ਹੈ, ਉਹ ਪ੍ਰਸਤਾਵ ਨਹੀਂ ਭੇਜ ਸਕਦੇ
- ਵਿਅਕਤੀ ਜਿਹੜੇ ਆਈ.ਐਫ.ਏ. ਦੇ ਲਾਗੂ ਕੀਤੇ ਪ੍ਰੋਜੈਕਟ ਤੇ ਕੰਮ ਕਰੇ ਹਨ, ਉਹ ਪ੍ਰਸਤਾਵ ਨਹੀਂ ਭੇਜ ਸਕਦੇ
- ਦੋ ਤੋਂ ਵੱਧ ਵਿਅਕਤੀ ਪ੍ਰਸਤਾਵ ਭੇਜ ਸਕਦੇ ਹਨ ਜੇ ਉਹਨਾਂ ਦਾ ਖਾਤਾ ਸਾਂਝਾ ਹੈ। ਜੇ ਨਹੀਂ, ਤਾਂ ਸਿਰਫ਼ ਉਹਨਾਂ ਵਿੱਚ ਇਕ ਹੀ ਪ੍ਰਸਤਾਵ ਭੇਜ ਸਕਦਾ ਹੈ ਅਤੇ ਦੂਜਿਆਂ ਨੂੰ ਸਹਿਯੋਗੀ ਦੇ ਤੌਰ ਤੇ ਜੋੜ ਸਕਦਾ ਹੈ

**ਚੋਣ ਦਾ ਤਰੀਕਾ**

ਸ਼ੌਰਟਲਿਸਟ ਕੀਤੇ ਪ੍ਰਸਤਾਵ ਬਾਹਰੀ ਪੈਨਲ ਵੱਲੋਂ ਵਾਚੇ ਜਾਣਗੇ ਅਤੇ ਅਰਜ਼ੀਕਾਰਾਂ ਨੂੰ ਪੈਨਲ ਸਾਹਮਣੇ ਆਪਣੇ ਵਿਚਾਰ ਪੇਸ਼ ਕਰਨ ਦੀ ਜ਼ਰੂਰਤ ਪੈ ਸਕਦੀ ਹੈ।

**ਸਾਰੇ ਦੇ ਸਾਰੇ ਚੁਣੇ ਹੋਏ ਪ੍ਰੋਜੈਕਟ ਆਈ.ਐਫ.ਏ. ਵੱਲੋਂ ਲਾਗੂ ਕੀਤੇ ਜਾਣਗੇ।**

**ਜਰੂਰੀ ਤਰੀਕਾਂ**

- ਆਈ ਐਫ ਏ ਸਟਾਫ਼ ਤੋਂ ਆਪਣੇ ਪ੍ਰਸਤਾਵ ਬਾਰੇ ਸਵਾਲ ਜਾਂ ਪੁੱਛਗਿਛ ਲਿਖਤੀ, ਆਡੀਓ ਜਾਂ ਵੀਡੀਓ ਫੌਰਮੈਟ ਵਿਚ **21 ਅਗਸਤ 2026** ਤੱਕ ਕੀਤੀ ਜਾ ਸਕਦੀ ਹੈ।

- ਅਰਜ਼ੀਆਂ ਭੇਜੇ ਜਾਣ ਦੀ ਆਖਰੀ ਤਰੀਕ: **31 ਅਗਸਤ 2026**

- ਚੁਣੇ ਗਏ ਪ੍ਰੋਜੈਕਟਾਂ ਦੀ ਅਨਾਊਂਸਮੈਂਟ: **ਨਵੰਬਰ 2026**

**ਯਾਦ ਰਹੇ ਕਿ ਆਈ.ਐਫ.ਏ. ਇਕ ਸੁਰੱਖਿਅਤ ਮਹੌਲ਼ ਸਿਰਜਣ ਲਈ ਵਚਨਬੱਧ ਹੈ ਜਿਸ ਵਿਚ ਬਾਲ ਬੱਚਿਆਂ ਸਮੇਤ ਹਰੇਕ ਦੀ ਸੁਰੱਖਿਆ, ਦੇਖਭਾਲ਼ ਅਤੇ ਇੱਜ਼ਤ ਹੋਵੇ। ਬਿਨੈਕਾਰ ਇਸ ਵਚਨਬੱਧਤਾ ਦਾ ਧਾਰਨੀ ਹੋਵੇ ਅਤੇ ਹਰ ਵੇਲ਼ੇ ਇਸ ਦੀ ਪੈਰਵਾਈ ਕਰੇ।**